# PRESS NOTE

## GZSCCET ਦੇ ਵਿਦਿਆਰਥੀ ਇੰਟਰ ਕਾਲਜ ਹਾਕੀ ਟੂਰਨਾਮੈਂਟ ਵਿੱਚ ਚਮਕੇ

ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਵਲੋਂ ਹਾਕੀ (ਲੜਕਿਆਂ) ਦੇ ਇੰਟਰ ਕਾਲਜ ਮੁਕਾਬਲੇ ਮਿਤੀ 25 ਅਕਤੂਬਰ, 2016 ਨੂੰ ਆਦੇਸ਼ ਇੰਸਟੀਚਿਊਟ ਅਤੇ ਟੈਕਨਾਲੋਜੀ ਫਰੀਦਕੋਟ ਵਿਖੇ ਕਰਵਾਏ ਗਏ। ਮਹਾਰਾਜਾ ਰਣਜੀਤ ਸਿੰਘ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ 05 ਹੋਰਨਾਂ ਕਾਲਜਾਂ ਨੇ ਇਸ ਟੂਰਨਾਮੈਂਟ ਵਿੱਚ ਹਿੱਸਾ ਲਿਆ। ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ ਇੰਜ: ਐਂਡ ਟੈਕਨਾਲੋਜੀ,ਬਠਿੰਡਾ ਨੇ ਇਸ ਮੁਕਾਬਲੇ ਵਿੱਚ ਚਾਂਦੀ ਦਾ ਤਗਮਾ ਹਾਸਲ ਕੀਤਾ।

ਪ੍ਰੋਫੈਸ਼ਰ ਮੋਹਨ ਪਾਲ ਸਿੰਘ ਈਸ਼ਰ, ਮਾਨਯੋਗ ਉੱਪ ਕੁੱਲਪਤੀ, ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਨੇ ਜੇਤੂ ਖਿਡਾਰੀਆਂ ਨੂੰ ਵਧਾਈ ਦਿੱਤੀ। ਉਹਨਾਂ ਕਿਹਾ ਕਿ ਯੂਨੀਵਰਸਿਟੀ ਵਿਦਿਆਰਥੀਆਂ ਦੇ ਖੇਡਾ ਦੇ ਪੱਧਰ ਨੂੰ ਹੋਰ ਉੱਚਾ ਚੁੱਕਣ ਲਈ ਪੂਰਾ ਜ਼ੋਰ ਦੇ ਰਹੀ ਹੈ ਅਤੇ ਭਵਿੱਖ ਵਿੱਚ ਵੀ ਵੱਧ ਤੋਂ ਵੱਧ ਇਸ ਤਰਾਂ ਦੇ ਇੰਟਰ ਕਾਲਜ ਮੁਕਾਬਲੇ ਕਰਵਾਏ ਜਾਣਗੇ ਜਿਸ ਨਾਲ ਖਿਡਾਰੀਆਂ ਦੀ ਪ੍ਰਤਿਭਾ ਉਜਾਗਰ ਹੁੰਦੀ ਹੈ। ਯੂਨੀਵਰਸਿਟੀ ਖੇਡਾ ਦੀ ਬੁਨਿਆਦ ਨੂੰ ਹੋਰ ਮਜਬੂਤ ਕਰਨ ਲਈ ਢੁੱਕਵੇਂ ਕਦਮ ਚੁੱਕ ਰਹੀ ਹੈ ਜਿਸ ਨਾਲ ਖਿਡਾਰੀ ਨੈਸ਼ਨਲ ਦਰਜੇ ਦੇ ਮੁਕਾਬਲਿਆਂ ਵਿੱਚ ਹਿੱਸਾ ਲੈ ਸਕਣ।

ਕੈਂਪਸ ਡਾਕਿਰੈਕਟਰ, ਪ੍ਰੋਫੈਸ਼ਰ ਗੁਰਸ਼ਰਨ ਸਿੰਘ ਨੇ ਜੇਤੂ ਖਿਡਾਰੀਆਂ ਨੂੰ ਵਧਾਈ ਦਿੱਤੀ ਅਤੇ ਹਾਕੀ ਟੀਮ ਦੇ ਕੋਚ ਸ੍ਰੀ ਸੁਖਵਿੰਦਰ ਸਿੰਘ ਜੀ ਦੀ ਹਾਕੀ ਟੀਮ ਦੀ ਯੋਗ ਅਗਵਾਈ ਲਈ ਸਲਾਘਾ ਕੀਤੀ।ਡਾਇਰੈਕਟਰ ਖੇਡਾਂ ਪ੍ਰੋਫੈਸ਼ਰ ਭੁਪਿੰਦਰ ਪਾਲ ਸਿੰਘ ਧੋਤ, ਪ੍ਰੈਜੀਡੈਂਟ ਸਪੋਰਸ,ਸਿਕੰਦਰ ਸਿੰਘ ਸਿੱਧੂ, ਸਹਾਇਕ ਪ੍ਰੈਜੀਡੈਂਟ ਸਪੋਰਸ ਦਿਲਬਾਗ ਸਿੰਘ ਵੀ ਇਸ ਮੌਕੇ ਮੌਜੂਦ ਸਨ।


A-202
CAMPUS DIRECTOR